# PUNJABI (Compulsory)

**Time allowed : 3 Hours** **Max. Marks : 45**

ਨੋਟ : (1) ਸਾਰੇ ਪ੍ਰਸ਼ਨਾਂ ਦਾ ਉੱਤਰ ਜ਼ਰੂਰੀ ਹੈ। (2) ਬੇਲੋੜੇ ਉੱਤਰਾਂ ਨੂੰ ਨਿਰਉਤਸਾਹਿਤ ਕਰੋ। (3) ਸਪੱਸ਼ਟ ਦਿੱਤੇ ਗਏ ਜਵਾਬਾਂ ਨੂੰ ਉਤਸ਼ਾਹ ਦਿਉ। (4) ਸਾਰੇ ਪ੍ਰਸ਼ਨਾਂ ਦੇ ਬਰਾਬਰ ਅੰਕ ਹਨ।

1. (ੳ) ਕਿਸੇ ਇੱਕ ਨਿਬੰਧ ਦਾ ਵਿਸ਼ਾ ਦੱਸ ਕੇ ਸਾਰ ਲਿਖੋ :
   (i) ਲੋਕ ਗੀਤਾਂ ਵਿੱਚ ਇਤਿਹਾਸ
   (ii) ਗਿੱਧਾ : ਧਰਤੀ ਮਾਤਾ ਦੀ ਪੂਜਾ ਦਾ ਨਾਚ
   (iii) ਪੰਜਾਬੀ ਸੱਭਿਆਚਾਰ ਤੇ ਲੋਕ ਚਿਕਿਤਸਾ।

   (ਅ) ਕਿਸੇ ਇੱਕ ਸੱਭਿਆਚਾਰਕ ਸੰਕਲਪ ਨੂੰ ਸਪਸ਼ਟ ਕਰੋ :
   (i) ਇਸ਼ਟ (ii) ਲੋਕ ਗੀਤ (iii) ਤਿਉਹਾਰ

2. 'ਪੰਜ ਆਬ' ਪੁਸਤਕ ਦੇ ਆਧਾਰ ਤੇ ਹੇਠ ਲਿਖਿਆਂ ਵਿੱਚੋਂ ਕੋਈ ਪੰਜ ਪ੍ਰਸ਼ਨਾਂ ਦੇ ਉੱਤਰ ਲਿਖੋ:
   (i) ਮਾਤਾ ਨਿਕਲੀ ਵਾਲੇ ਜੀ ਨੂੰ ਕਿਹੜੀ ਉਪਾਧੀ ਦਿੱਤੀ ਜਾਂਦੀ ਹੈ ?
   (ii) ਪੰਜਾਬੀ ਅਖਾਣਾਂ ਵਿੱਚ ਪੰਜਾਬੀ ਲੋਕਾਂ ਦੇ ਸੁਭਾਅ ਦੀਆਂ ਵਿਸ਼ੇਸ਼ਤਾਵਾਂ ਲਿਖੋ।
   (iii) ਪੰਜਾਬੀ ਲੋਕਾਂ ਦੇ ਸਮਾਜਿਕ ਵਹਿਮਾਂ-ਭਰਮਾਂ ਬਾਰੇ ਦੱਸੋ।
   (iv) ਉੱਤਰ ਭਾਰਤੀ ਰੁੱਤ-ਚੱਕਰ ਨਿਬੰਧ ਦੇ ਲੇਖਕ ਕੌਣ ਹਨ ?
   (v) ਪੰਜਾਬ ਦੀਆਂ ਵਿਰਾਸਤੀ ਖੇਡਾਂ ਕਿਹੜੀਆਂ ਹਨ ?
   (vi) ਪੰਜਾਬ ਦੇ ਲੋਕ ਨਾਚ ਕਿਹੜੇ ਹਨ ?
   (vii) ਪੰਜਾਬ ਦੇ ਪ੍ਰਸਿੱਧ ਮੇਲੇ ਕਿਹੜੇ ਹਨ ?
   (viii) ਪੰਜਾਬੀ ਦੀ ਲੋਕ-ਧਾਰਾ ਅਤੇ ਮਾਨਵੀ ਚੇਤਨਾ ਨਿਬੰਧ ਵਿੱਚ ਲੇਖਕ ਕਿਹੜੇ ਵਿਚਾਰ ਦਿੰਦਾ ਹੈ ?

3. ਔਰਤਾਂ ਨਾਲ ਹੋ ਰਹੇ ਸ਼ੋਸ਼ਣ ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। ਜਾਂ ਆਪਣੇ ਕਾਲਜ ਵਿੱਚ ਹੋਏ ਯੁਵਕ-ਮੇਲੇ ਦੀ ਰਿਪੋਰਟ ਅਖ਼ਬਾਰ ਦੇ ਸੰਪਾਦਕ ਨੂੰ ਲਿਖੋ।

https://questionpaperesult.com/

Scanned by CamScanner

4. ਪੰਜਾਬੀ ਭਾਸ਼ਾ ਦੀਆਂ ਕਿਹੜੀਆਂ-ਕਿਹੜੀਆਂ ਵਿਸ਼ੇਸ਼ਤਾਵਾਂ ਹਨ ? *ਜਾਂ*

ਪੰਜਾਬੀ ਭਾਸ਼ਾ ਦੇ ਵਿਕਾਸ ਵਿੱਚ ਆਏ ਮੁੱਖ ਸੰਕਲਪਾਂ ਬਾਰੇ ਲਿਖੋ।

5. (ੳ) ਯੋਜਕ ਕੀ ਹੁੰਦਾ ਹੈ ? ਇਸ ਦੀਆਂ ਕਿਸਮਾਂ ਬਾਰੇ ਦੱਸੋ।

*ਜਾਂ*

ਭਾਵ ਵਾਚਕ ਨਾਉਂ ਕੀ ਹੁੰਦਾ ਹੈ ? ਉਦਾਹਰਣ ਸਹਿਤ ਲਿਖੋ।

(ਅ) ਹੇਠ ਲਿਖੇ ਵਾਕ ਵਿੱਚੋਂ ਸੰਬੰਧਕ ਚੁਣੋ :

ਇਹ ਰਾਮ ਦਾ ਦੋਸਤ ਹੈ। *ਜਾਂ*

ਹੇਠ ਲਿਖੇ ਵਾਕ ਵਿੱਚੋਂ ਯੋਜਕ ਚੁਣੋ :

ਉਹ ਸਫ਼ਲ ਹੋ ਗਿਆ ਕਿਉਂਕਿ ਉਸਨੇ ਮਿਹਨਤ ਕੀਤੀ ਸੀ।

https://questionpaperesult.com/

Scanned by CamScanner